# ਜਮਾਤ ਦਸਵੀ   ਵਿਸ਼ਾ ਪੰਜਾਬੀ

## ਕਹਾਣੀ:-   ਧਰਤੀ ਹੇਠਲਾ ਬਲਦ (ਕੁਲਵੰਤ ਸਿੰਘ ਵਿਰਕ)

**ਪ੍ਰਸ਼ਨ 1. 'ਧਰਤੀ ਹੇਠਲਾ ਬਲਦ' ਕਹਾਣੀ ਦਾ ਸਾਰ 150 ਸ਼ਬਦਾਂ ਵਿੱਚ ਲਿਖੋ ।**

**ਉੱਤਰ-**ਬਰਮਾ ਦੇ ਫਰੰਟ ਤੋਂ ਫ਼ੌਜ ਵਿੱਚੋਂ ਛੁੱਟੀ ਕੱਟਣ ਲਈ ਆਇਆ ਮਾਨ ਸਿੰਘ ਬੜੇ ਚਾਅ ਨਾਲ ਆਪਣੇ ਮਿੱਤਰ ਕਰਮ ਸਿੰਘ ਦੀ ਇੱਛਾ ਅਨੁਸਾਰ ਉਸ ਦੇ ਪਰਿਵਾਰ ਨੂੰ ਮਿਲਣ ਲਈ ਚੂਹੜਕਾਣੇ ਤੋਂ ਮਾਝੇ ਵਿੱਚ ਉਸ ਦੇ ਪਿੰਡ ਠੱਠੀਖਾਰੇ ਪਹੁੰਚਿਆ। ਜਿੱਥੇ ਉਸ ਦੇ ਪਹੁੰਚਣ ਤੋਂ ਪਹਿਲਾਂ ਕਰਮ ਸਿੰਘ ਦੇ ਲੜਾਈ ਵਿਚ ਮਾਰੇ ਜਾਣ ਦੀ ਖ਼ਬਰ ਪਹੁੰਚ ਚੁੱਕੀ ਸੀ । ਮਾਨ ਸਿੰਘ ਦੇ ਉੱਥੇ ਪਹੁੰਚਣ 'ਤੇ ਕਰਮ ਸਿੰਘ ਦਾ ਬਾਪੂ ਖੁਸ਼ ਹੋਣ ਦੀ ਥਾਂ ਬੈਚੇਨ ਜਿਹਾ ਦਿਸਿਆ ।  ਕਰਮ ਸਿੰਘ ਦੀ ਮਾਂ ਜੇਕਰ ਉਸ ਲਈ ਚਾਹ ਲੈ ਕੇ ਆਈ, ਤਾਂ ਉਸ ਨੇ ਵੀ ਕੋਈ ਬਹੁਤੀ ਦਿਲਚਸਪੀ ਜ਼ਾਹਰ ਨਹੀਂ ਕੀਤੀ । ਕਰਮ ਸਿੰਘ ਦੇ ਛੋਟੇ ਭਰਾ ਨੇ ਵੀ ਮਾਨ ਸਿੰਘ ਦੁਆਰਾ ਕਰਮ ਸਿੰਘ ਦੀਆਂ ਪ੍ਰਾਪਤੀਆਂ ਬਾਰੇ ਕੀਤੀਆਂ ਗੱਲਾਂ ਵਿੱਚ ਬਹੁਤੀ ਰੁਚੀ ਜ਼ਾਹਰ ਨਾ ਕੀਤੀ । ਅਗਲੇ ਦਿਨ ਜਸਵੰਤ ਸਿੰਘ ਤਰਨ ਤਾਰਨ ਉਸ ਦੇ ਨਾਲ ਗਿਆ,  ਤਾਂ ਉਹ ਘੁੱਟਿਆ-ਘੁੱਟਿਆ ਰਿਹਾ ਤਰਨ ਤਾਰਨ ਵਾਪਸ ਆ ਕੇ ਮਾਨ ਸਿੰਘ ਵਾਪਸ ਜਾਣ ਦੀਆਂ ਸਲਾਹਾਂ ਵਿੱਚ ਹੀ ਸੀ ਕਿ ਡਾਕੀਆ ਕਰਮ ਸਿੰਘ ਦੀ ਪੈਨਸ਼ਨ ਦੇ ਕਾਗਜ ਲੈ ਕੇ ਆ ਗਿਆ, ਜਿਸ ਤੋਂ ਉਸ ਨੂੰ ਕਰਮ ਸਿੰਘ ਦੀ ਮੌਤ ਬਾਰੇ ਪਤਾ ਲੱਗਾ । ਕਰਮ ਸਿੰਘ ਦੇ ਬਾਪੂ ਨੇ ਕਿਹਾ ਕਿ ਉਹ ਉਸ ਦੀ ਛੁੱਟੀ ਦੀ ਖੁਸ਼ੀ ਨਹੀਂ ਸੀ ਖ਼ਰਾਬ ਕਰਨੀ ਚਾਹੁੰਦੇ, ਕਿਉਂਕਿ ਫ਼ੌਜੀ ਨੂੰ ਛੁੱਟੀ ਬੜੀ ਪਿਆਰੀ ਹੁੰਦੀ ਹੈ ।ਵਾਪਸ ਜਾਂਦਿਆਂ ਮਾਨ ਸਿੰਘ ਨੂੰ ਰਾਹ ਵਿੱਚ  ਕਿਲਿਆਂ ਵਰਗੇ ਮਾਝੇ ਦੇ ਪਿੰਡ ਤੇ ਧਾੜਵੀਆਂ ਦਾ ਟਾਕਰਾ ਕਰਨ ਵਾਲੇ ਸ਼ਹੀਦਾਂ ਦੀਆਂ ਮੜ੍ਹੀਆਂ ਤੇ ਸਮਾਧਾਂ ਦੇਖ ਕੇ ਸਮਝ ਲੱਗੀ ਕਿ ਕਰਮ ਸਿੰਘ ਦੇ ਬਾਪੂ ਵਿੱਚ ਇੰਨੀ ਸਹਿਣ-ਸ਼ਕਤੀ ਕਿਉਂ ਹੈ । ਉਹ ਤਾਂ ਦੂਜਿਆਂ ਤੋਂ ਦੁੱਖ ਦੇ ਭਾਰ ਨੂੰ ਹੌਲਾ ਰੱਖਣ ਲਈ ਸਾਰਾ ਭਾਰ ਆਪ ਹੀ ਚੁੱਕਣਾ ਚਾਹੁੰਦਾ ਸੀ । ਇਸ ਤਰ੍ਹਾਂ ਉਹ ਉਸ ਨੂੰ 'ਧਰਤੀ ਹੇਠਲਾ ਬਲਦ' ਪ੍ਰਤੀਤ ਹੋਇਆ ।

### ਸੰਖੇਪ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ 1. ਕਰਮ ਸਿੰਘ ਦਾ ਸੁਭਾ ਕਿਹੋ ਜਿਹਾ ਹੈ ?**

**ਉੱਤਰ-**ਕਰਮ ਸਿੰਘ 'ਧਰਤੀ ਹੇਠਲਾ ਬਲਦ' ਕਹਾਣੀ ਦਾ ਇੱਕ ਮਹੱਤਵਪੂਰਨ ਪਾਤਰ ਹੈ । ਉਹ ਪਿੰਡ ਠੱਠੀਖਾਰਾ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਉਸ ਦੇ ਇੱਕ ਭਰਾ ਦਾ ਨਾਂ ਜਸਵੰਤ ਸਿੰਘ ਸੀ। ਉਸ ਦਾ ਇੱਕ ਕਾਕਾ ਵੀ ਸੀ । ਉਹ ਫ਼ੌਜ ਵਿੱਚ ਹੌਲਦਾਰ ਸੀ । ਉਹ ਦੂਜੀ ਵੱਡੀ ਜੰਗ ਸਮੇਂ ਬਰਮਾ ਵਿਚ ਜਾਪਾਨੀਆਂ ਵਿਰੁੱਧ ਲੜਦਾ ਹੋਇਆ ਮਾਰਿਆ ਗਿਆ । ਮਾਨ ਸਿੰਘ ਉਸਦਾ ਮਿੱਤਰ ਸੀ । ਕਰਮ ਸਿੰਘ ਮਿੱਠੀ ਜ਼ਬਾਨ ਵਾਲਾ, ਪੱਕਾ ਨਿਸ਼ਾਨਚੀ, ਚੁਸਤ ਸਰੀਰ ਵਾਲਾ, ਪਰਿਵਾਰ ਨਾਲ ਮੋਹ ਰੱਖਣ ਵਾਲਾ ਤੇ ਸਵੇਰੇ ਛੇਤੀ ਨਾ ਉੱਠਣ ਵਾਲਾ ਵਿਅਕਤੀ ਸੀ । ਕਹਾਣੀ ਦੇ ਅੰਤ ਵਿਚ ਉਸ ਦੀ ਮੌਤ ਕਹਾਣੀ ਨੂੰ ਦੁਖਾਂਤਕ ਰੰਗ ਦੇ ਦਿੰਦੀ ਹੈ ।

**ਪ੍ਰਸ਼ਨ 2 ਕਰਮ ਸਿੰਘ ਦੇ ਘਰ ਦਿਆਂ ਨੇ ਮਾਨ ਸਿੰਘ ਦੀ ਛੁੱਟੀ ਖ਼ਰਾਬ ਹੋਣ ਤੋਂ ਬਚਾਉਣ ਲਈ ਉਸ ਨਾਲ ਕਿਹੋ ਜਿਹਾ ਵਿਹਾਰ ਕੀਤਾ ?**

**ਉੱਤਰ-**ਕਰਮ ਸਿੰਘ ਦੇ ਘਰਦਿਆਂ ਨੇ ਮਾਨ ਸਿੰਘ ਦੀ ਛੁੱਟੀ ਦਾ ਸੁਆਦ ਖ਼ਰਾਬ ਹੋਣ ਤੋਂ ਬਚਾਉਣ ਲਈ ਉਸ ਨਾਲ ਅਜਿਹਾ ਵਿਹਾਰ ਕੀਤਾ, ਜਿਸ ਤੋਂ ਉਸ ਨੂੰ ਪਤਾ ਨਾ ਲੱਗੇ ਕਿ ਜਿਸ ਦੋਸਤ ਦੀ ਸੁਖ-ਸਾਂਦ ਦੀ ਖ਼ਬਰ ਦੇਣ ਤੇ ਜਿਸਦੇ ਘਰਦਿਆਂ ਦੀ ਸੁੱਖ- ਸਾਂਦ ਦੀ ਖ਼ਬਰ ਲੈਣ ਉਹ ਆਇਆ ਹੈ, ਉਹ ਉਸ ਦੇ ਛੁੱਟੀ ਆਉਣ ਤੋਂ ਮਗਰੋਂ ਲੜਾਈ ਵਿੱਚ ਮਾਰਿਆ ਜਾ ਚੁੱਕਾ ਹੈ ਤੇ ਇਹ  ਖ਼ਬਰ ਉਸ ਦੇ ਘਰਦਿਆਂ ਨੂੰ ਮਿਲ ਚੁੱਕੀ ਹੈ, ਜਿਸ ਕਾਰਨ ਉਹ ਬਹੁਤ ਦੁਖੀ ਹਨ । ਉਸ ਕਰਮ ਸਿੰਘ ਦੇ ਬਾਪੂ, ਮਾਂ ਤੇ ਭਰਾ  ਨੇ ਗੱਲਾਂ ਨੂੰ ਕਰਮ ਸਿੰਘ, ਉੱਤੇ ਕੇਂਦ੍ਰਿਤ ਕਰਨ ਦੀ ਥਾਂ ਇਧਰ-ਉਧਰ ਘੁੰਮਾ ਕੇ ਇਸ ਖ਼ਬਰ ਨੂੰ ਉਸ ਤੋਂ ਲੁਕਾਉਣ ਦੀ ਕੋਸ਼ਿਸ਼  ਕੀਤੀ, ਪਰ ਉਹ ਇਸ ਵਿਚ ਸਫਲ ਨਾ ਹੋ ਸਕੇ ।

**ਪ੍ਰਸ਼ਨ 3, ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ ?**

**ਉੱਤਰ--**ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੇ ਲੜਾਈ ਵਿਚ ਮਾਰੇ ਜਾਣ ਦੀ ਖ਼ਬਰ ਛੁਪਾਉਣ ਦਾ ਯਤਨ  ਕੀਤਾ ਤੇ ਇਹ ਇਸ ਕਰਕੇ ਕੀਤਾ, ਕਿਉਂਕਿ ਉਸਨੂੰ ਪਤਾ ਸੀ ਕਿ ਫ਼ੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ ਤੇ ਉਹ ਮਾਨ ਸਿੰਘ ਨੂੰ ਉਸ ਦੇ ਦੋਸਤ ਦੀ ਉਸ ਦੇ ਛੁੱਟੀ ਆਉਣ ਤੋਂ ਮਗਰੋਂ ਮਾਰੇ ਜਾਣ ਦੀ ਖ਼ਬਰ ਦੇ ਕੇ ਜਾਂ ਰੋ-ਕੁਰਲਾ ਕੇ ਉਸ ਦੀ ਛੁੱਟੀ ਦਾ ਸੁਆਦ  ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ । ਉਹ ਸਮਝਦਾ ਸੀ ਕਿ ਉਹ ਖੁਸ਼ੀ-ਖੁਸ਼ੀ ਛੁੱਟੀ ਗੁਜ਼ਾਰ ਕੇ ਜਾਵੇ, ਕਰਮ ਸਿੰਘ ਦੀ ਮੌਤ ਦੀ ਖ਼ਬਰ  ਤਾਂ ਉਸਨੂੰ ਵਾਪਸ ਫ਼ੌਜ ਵਿੱਚ ਜਾ ਕੇ ਪਤਾ ਲੱਗ ਹੀ ਜਾਵੇਗੀ ।

**ਪ੍ਰਸ਼ਨ 4. ਮਾਨ ਸਿੰਘ ਆਪਣੇ ਮਿੱਤਰ ਕਰਮ ਸਿੰਘ ਦੀਆਂ ਰੱਜ ਕੇ ਗੱਲਾਂ ਕਿਉਂ ਕਰਨੀਆਂ ਚਾਹੁੰਦਾ ਸੀ ?**

**ਉੱਤਰ--** ਮਾਨ ਸਿੰਘ ਆਪਣੇ ਮਿੱਤਰ ਕਰਮ ਸਿੰਘ ਦੀਆਂ ਰੱਜ ਕੇ ਗੱਲਾਂ ਇਸ ਕਰਕੇ ਕਰਨੀਆਂ ਚਾਹੁੰਦਾ ਸੀ, ਕਿਉਂਕਿ ਉਹ ਉਸ  ਦਾ ਗੂੜ੍ਹਾ ਦੋਸਤ ਸੀ ਤੇ ਉਸ ਨੂੰ ਉਸਦੇ ਜੀਭ ਦੇ ਰਸ, ਹਰਮਨ-ਪਿਆਰੇ ਹੋਣ, ਅਚੂਕ ਨਿਸ਼ਾਨੇ ਅਤੇ ਲੜਾਈ ਵਿੱਚ ਪ੍ਰਾਪਤੀਆਂ ਕਰਕੇ ਬਹੁਤ ਮਾਣ ਸੀ, ਪਰ ਘਰ ਵਿਚ ਜਦੋਂ ਉਸ ਦੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਲੈ ਰਿਹਾ, ਤਾਂ ਉਸ ਦਾ ਮਨ ਬਹੁਤ ਉਦਾਸ ਹੋ ਗਿਆ।

**ਪ੍ਰਸ਼ਨ 5. "ਆਹ ਫੜ ਲੈ, ਮੁੰਡੇ ਨੂੰ ਓਧਰ ਰੱਖ, ਰੋਟੀ ਤਾਂ ਖਾ ਲੈਣ ਦਿਆ ਕਰੋ ਅਰਾਮ ਨਾਲ।' ਕਰਮ ਸਿੰਘ ਦੇ ਬਾਪੂ ਨੇ ਇਹ ਸ਼ਬਦ ਕਿਉਂ ਕਹੇ?**

**ਉੱਤਰ --**ਜਦੋਂ ਮਾਨ ਸਿੰਘ ਨੇ ਰੋਟੀ ਖਾਂਦਿਆਂ ਆਪਣੇ ਕੋਲ ਆਏ ਕਰਮ ਸਿੰਘ ਦੇ ਨਿੱਕੇ ਜਿਹੇ ਮੁੰਡੇ ਨੂੰ ਕੁੱਛੜ ਚੁੱਕ ਕੇ ਉਸ ਨਾਲ ਉਸ ਦੇ ਬਾਪ ਕਰਮ ਸਿੰਘ ਦੀ ਗੱਲ ਛੇੜਦਿਆਂ ਉਸਨੂੰ ਆਪਣੇ ਨਾਲ ਆਪਣੇ ਬਾਪੂ ਕੋਲ ਚੱਲਣ ਲਈ ਕਿਹਾ, ਤਾਂ ਇਹ ਗੱਲ ਕਰਮ ਸਿੰਘ ਦੇ ਬਾਪੂ ਨੂੰ ਸੂਲ ਵਾਂਗ ਚੁੱਭੀ, ਕਿਉਂਕਿ ਉਸਨੂੰ ਪਤਾ ਸੀ ਕਿ ਮਾਨ ਸਿੰਘ ਜਿਸ ਕਰਮ ਸਿੰਘ ਬਾਰੇ ਇੰਨੇ ਚਾਵਾਂ ਨਾਲ ਗੱਲਾਂ ਕਰ ਰਿਹਾ ਹੈ ,ਉਹ ਤਾਂ ਇਸ ਦੁਨੀਆਂ ਉੱਤੇ ਰਿਹਾ ਹੀ ਨਹੀਂ।ਇਸ ਕਰਕੇ ਉਸ ਨੇ ਗੱਲ ਦਾ ਰੁਖ ਦੂਜੇ ਪਾਸੇ ਮੋੜਨ ਲਈ ਜ਼ਰਾ ਗੁੱਸੇ ਨਾਲ ਉਪਰੋਕਤ ਗੱਲ ਕਰਮ ਦੀ ਮਾਂ ਨੂੰ ਕਹੀ।

**ਪ੍ਰਸ਼ਨ 6. ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਮਨ ਵਿਚ ਕੀ ਵਿਚਾਰ ਆਏ।**

**ਉੱਤਰ-**ਡਾਕੀਏ ਨੂੰ ਬਾਹਰ ਮਾਨ ਸਿੰਘ ਕੋਲ ਬੈਠਾ ਦੇਖ ਕੇ ਕਰਮ ਸਿੰਘ ਦੇ ਬਾਪੂ ਨੇ ਸਮਝ ਲਿਆ ਕਿ ਉਸਨੇ ਮਾਨ ਸਿੰਘ ਤੋਂ ਕਰਮ ਸਿੰਘ ਦੀ ਮੌਤ ਦੀ ਜਿਹੜੀ ਖ਼ਬਰ ਛੁਪਾ ਕੇ ਰੱਖਣੀ ਚਾਹੀ ਸੀ, ਉਹ ਹੁਣ ਛੁਪੀ ਨਹੀਂ ਰਹਿ ਸਕੀ, ਕਿਉਂਕਿ ਡਾਕੀਏ ਤੋਂ ਉਸ ਨੂੰ ਸਾਰੀ ਗੱਲ ਪਤਾ ਲੱਗ ਚੁੱਕੀ ਹੋਵੇਗੀ। ਇਸ ਕਰਕੇ ਹੁਣ ਇਸ ਦਾ ਭਾਰ ਚੁੱਕੀ ਰੱਖਣ ਦਾ ਕੋਈ ਫ਼ਾਇਦਾ ਨਹੀਂ। ਇਸ ਨਾਲ ਉਸ ਦੇ ਅੱਥਰੂ ਵਹਿ ਤੁਰੇ।ਉਹ ਤੇ ਮਾਨ ਸਿੰਘ ਕਿੰਨਾ ਚਿਰ ਕੋਲ-ਕੋਲ ਬੈਠੇ ਆਪਣੇ ਦਿਲਾਂ ਦਾ ਭਾਰ ਹਲਕਾ ਕਰਦੇ ਰਹੇ।

**ਪ੍ਰਸ਼ਨ 7. ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ "ਧਰਤੀ ਹੇਠਲਾ ਬਲਦ' ਕਿਉਂ ਕਿਹਾ ?**

**ਉੱਤਰ-**ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਨੂੰ ਦੱਸਿਆ ਕਿ ਉਹ ਕਰਮ ਸਿੰਘ ਦੀ ਮੌਤ ਬਾਰੇ ਦੱਸ ਕੇ ਉਸ ਦੀ ਛੁੱਟੀ ਦਾ ਸੁਆਦ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਇਹ ਸੁਣ ਕੇ ਉਸ ਦੇ ਪਿੰਡੋਂ ਵਾਪਸ ਮੁੜਦੇ ਮਾਨ ਸਿੰਘ ਨੇ ਜਦੋਂ ਰਾਹ ਵਿਚ ਮਾਝੇ ਦੇ ਪਿੰਡਾਂ ਦੁਆਲੇ ਬਣੇ ਕਿਲ੍ਹੇ-ਕੋਟ ਦੇਖੇ ਤੇ ਥਾਂ-ਥਾਂ ਬਣੀਆਂ ਸ਼ਹੀਦਾਂ ਦੀਆਂ ਸਮਾਧਾਂ ਦੇਖੀਆਂ, ਤਾਂ ਉਸ ਨੇ ਅੰਦਾਜ਼ਾ ਲਾਇਆ ਕਿ ਧਾੜਵੀਆਂ ਨਾਲ ਲੜਨ-ਮਰਨ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਬਾਪੂ ਦੀ ਇੰਨੀ ਸਹਿਣ-ਸ਼ਕਤੀ ਕਿਉਂ ਹੈ ? ਉਹ ਹੋਰਨਾਂ ਨੂੰ ਹੌਲਾ ਰੱਖਣ ਲਈ ਭਾਰ ਆਪ ਚੁੱਕਣਾ ਚਾਹੁੰਦਾ ਹੈ। ਉਸ ਨੇ ਸੁਣਿਆ ਹੋਇਆ ਸੀ ਕਿ ਇੱਕ ਬਲਦ ਹੈ, ਜੋ ਆਪਣੇ ਸਿੰਗਾਂ ਉੱਤੇ ਧਰਤੀ ਦਾ ਭਾਰ ਚੁੱਕ ਕੇ ਖੜ੍ਹਾ ਰਹਿੰਦਾ ਹੈ। ਉਸ ਨੇ ਅਨੁਭਵ ਕੀਤਾ ਕਿ ਕਰਮ ਸਿੰਘ ਦਾ ਬਾਪੂ ਵੀ ਇੱਕ ਬਲਦ ਹੈ, ਜਿਹੜਾ ਦੂਜਿਆਂ ਨੂੰ ਸੁਖ ਦੇਣ ਲਈ ਦੁੱਖ ਦਾ ਭਾਰ ਆਪ ਚੁੱਕਣਾ ਚਾਹੁੰਦਾ ਹੈ। ਇਸੇ ਕਾਰਨ ਲੇਖਕ ਕਰਮ ਸਿੰਘ ਦੇ ਬਾਪੂ ਨੂੰ ਧਰਤੀ ਹੇਠਲਾ ਬਲਦ' ਆਖਦਾ ਹੈ।

## ਵਸਤੂਨਿਸ਼ਠ ਪ੍ਰਸ਼ਨ -ਉੱਤਰ

**1.ਪ੍ਰਸ਼ਨ :-'ਧਰਤੀ ਹੇਠਲਾ ਬਲਦ' ਕਹਾਣੀ ਦਾ ਲੇਖਕ ਕੌਣ ਹੈ ?**

**ਉੱਤਰ :-** ਕੁਲਵੰਤ ਸਿੰਘ ਵਿਰਕ

**2.ਪ੍ਰਸ਼ਨ :- 'ਧਰਤੀ ਹੇਠਲਾ ਬਲਦ' ਕਹਾਣੀ ਦੇ ਦੋ ਪਾਤਰਾਂ ਦੇ ਨਾਂ ਲਿਖੋ ?**

**ਉੱਤਰ :-** ਮਾਨ ਸਿੰਘ,ਕਰਮ ਸਿੰਘ ਦਾ ਬਾਪੂ।

**3.ਪ੍ਰਸ਼ਨ :- 'ਧਰਤੀ ਹੇਠਲਾ ਬਲਦ' ਕਹਾਣੀ ਦਾ ਮੁੱਖ ਪਾਤਰ ਕੌਣ ਹੈ ?**

**ਉੱਤਰ :-** ਮਾਨ ਸਿੰਘ

**4. ਪ੍ਰਸ਼ਨ :- ਮਾਨ ਸਿੰਘ ਦਾ ਪਿੰਡ ਕਿਹੜਾ ਸੀ ?**

**ਉੱਤਰ :-** ਚੂਹੜਕਾਣਾ।

**5. ਪ੍ਰਸ਼ਨ :- ਮਾਨ ਸਿੰਘ ਕਿੱਥੋਂ ਛੁੱਟੀ ਲੈ ਕੇ ਆਇਆ ਸੀ ?**

**ਉੱਤਰ :-** ਫੌਜ ਵਿੱਚੋਂ।

**6.ਪ੍ਰਸ਼ਨ :- ਕਰਮ ਸਿੰਘ ਦਾ ਪਿੰਡ ਕਿਹੜਾ ਸੀ ?**

**ਉੱਤਰ:-** ਠੱਠੀਖਾਰਾ।

**7.ਪ੍ਰਸ਼ਨ:- ਜਸਵੰਤ ਸਿੰਘ ਕੌਣ ਸੀ ?**

**ਉੱਤਰ:-** ਕਰਮ ਸਿੰਘ ਦਾ ਛੋਟਾ ਭਰਾ।

**8.ਪ੍ਰਸ਼ਨ:- ਡਾਕੀਆ ਕੀ ਲੈ ਕੇ ਆਇਆ ਸੀ ?**

**ਉੱਤਰ:-** ਕਰਮ ਸਿੰਘ ਦੀ ਪੈਨਸ਼ਨ ਦੇ ਕਾਗਜ਼ ।

**9.ਪ੍ਰਸ਼ਨ:- ਮਾਨ ਸਿੰਘ ਨੂੰ ਕਿਸ ਤੋਂ ਪਤਾ ਲੱਗਾ ਕਿ ਕਰਮ ਸਿੰਘ ਮਾਰਿਆ ਜਾ ਚੁੱਕਾ ਹੈ ?**

**ਉੱਤਰ:-** ਡਾਕੀਏ ਤੋਂ ।

**10.ਪ੍ਰਸ਼ਨ:- ਮਾਨ ਸਿੰਘ ਨੂੰ ਕਰਮ ਸਿੰਘ ਦਾ ਬਾਪ ਕੀ ਪ੍ਰਤੀਤ ਹੋਇਆ ?**

**ਉੱਤਰ:-** ਧਰਤੀ ਹੇਠਲਾ ਬਲਦ ।


**ਤਿਆਰ ਕਰਤਾ :-**

**ਅਰਸ਼ਦੀਪ ਕੌਰ ,ਪੰਜਾਬੀ ਮਿਸਟ੍ਰੈੱਸ**

**ਸ.ਸ.ਸ.ਸਕੂਲ, ਅਜਨਾਲਾ (ਮੁੰਡੇ)।**

**ਜ਼ਿਲ੍ਹਾ :- ਅੰਮ੍ਰਿਤਸਰ ।**